# ਪਬਲਿਕ ਨੋਟਿਸ

ਇਸ ਨੋਟਿਸ ਰਾਹੀਂ ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਪੰਜਾਬ ਰਾਜ ਵਿੱਚ ਹਰੇਕ ਤਜਾਰਤੀ ਅਦਾਰੇ ਅਤੇ ਹਰੇਕ ਦੁਕਾਨ ਦੀ ਰਜਿਸਟ੍ਰੇਸ਼ਨ 'ਪੰਜਾਬ ਸ਼ਾਪਸ ਐਂਡ ਕਮਰਸ਼ੀਅਲ ਐਸਟੈਬਲਿਸ਼ਮੈਂਟ ਐਕਟ, 1958' ਦੇ ਸੈਕਸ਼ਨ 13 ਅਧੀਨ ਕਰਵਾਉਣੀ ਲਾਜ਼ਮੀ ਹੈ। ਜੇਕਰ ਆਪ ਵਲੋਂ ਹਾਲੇ ਤੱਕ ਆਪਣੇ ਅਦਾਰੇ ਜਾਂ ਆਪਣੀ ਦੁਕਾਨ ਦੀ ਰਜਿਸਟ੍ਰੇਸ਼ਨ 'ਪੰਜਾਬ ਸ਼ਾਪਸ ਐਂਡ ਕਮਰਸ਼ੀਅਲ ਐਸਟੈਬਲਿਸ਼ਮੈਂਟ ਐਕਟ, 1958' ਤਹਿਤ ਕਿਰਤ ਵਿਭਾਗ ਨਾਲ ਨਹੀਂ ਕਰਵਾਈ ਗਈ ਤਾਂ ਆਪ ਇਹ ਰਜਿਸਟ੍ਰੇਸ਼ਨ e-Labour Punjab ਜਾਂ Invest Punjab ਦੇ ਪੋਰਟਲ ਤੇ ਜਾ ਕੇ ਆਨਲਾਈਨ ਕਰਵਾ ਸਕਦੇ ਹੋ। ਰਜਿਸਟ੍ਰੇਸ਼ਨ ਕਰਨਾ ਹੁਣ ਬਹੁਤ ਹੀ ਸਰਲ ਬਣਾ ਦਿੱਤਾ ਗਿਆ ਹੈ। https://pblabour.gov.in ਜਾਂ www.pbindustries.gov.in ਵਿੱਚੋਂ ਕਿਸੇ ਵੀ ਇੱਕ ਸਾਈਟ ਤੇ ਜਾ ਕੇ ਜਦੋਂ ਵੀ ਐਪਲਾਈ ਕੀਤਾ ਜਾਂਦਾ ਹੈ ਤਾਂ ਉਸ ਦੇ 24 ਘੰਟਿਆਂ ਦੇ ਅੰਦਰ ਰਜਿਸਟ੍ਰੇਸ਼ਨ ਸਬੰਧੀ ਸਰਟੀਫਿਕੇਟ ਜਾਰੀ ਕਰ ਦਿੱਤਾ ਜਾਂਦਾ ਹੈ। 'ਪੰਜਾਬ ਸ਼ਾਪਸ ਐਂਡ ਕਮਰਸ਼ੀਅਲ ਐਸਟੈਬਲਿਸ਼ਮੈਂਟ ਐਕਟ, 1958' ਤਹਿਤ ਰਜਿਸਟ੍ਰੇਸ਼ਨ ਨਾ ਕਰਵਾਉਣ ਤੇ ਆਪ ਨੂੰ ਇਸ ਐਕਟ ਦੀ ਧਾਰਾ 26 ਅਧੀਨ ਸਜ਼ਾ ਜਾਂ ਜੁਰਮਾਨਾ ਹੋ ਸਕਦਾ ਹੈ। ਇਸ ਐਕਟ ਅਧੀਨ ਰਜਿਸਟ੍ਰੇਸ਼ਨ ਕਰਵਾਉਣ ਵਿੱਚ ਹੇਠ ਲਿਖੀਆਂ ਸੁਵਿਧਾਵਾਂ ਹਨ :-

- ✓ ਅਦਾਰੇ ਦੀ ਰਜਿਸਟ੍ਰੇਸ਼ਨ ਕਰਵਾਉਣ ਲਈ ਕੋਈ ਵੀ ਰਜਿਸਟ੍ਰੇਸ਼ਨ ਫੀਸ ਨਹੀਂ ਹੈ।
- ✓ ਕੋਈ ਵੀ ਅਦਾਰਾ ਜਾਂ ਦੁਕਾਨ ਖੋਲ੍ਹਣ ਦੇ ਇੱਕ ਮਹੀਨੇ ਦੇ ਅੰਦਰ-ਅੰਦਰ ਰਜਿਸਟ੍ਰੇਸ਼ਨ ਕਰਵਾਉਣੀ ਲਾਜ਼ਮੀ ਹੈ। ਜੇਕਰ ਅਦਾਰਾ ਜਾਂ ਦੁਕਾਨ ਪਹਿਲਾਂ ਹੀ ਖੋਲ੍ਹੀ ਹੋਈ ਹੈ ਤਾਂ ਤੁਰੰਤ ਰਜਿਸਟ੍ਰੇਸ਼ਨ ਕਰਵਾਉਣੀ ਬਣਦੀ ਹੈ।
- ✓ ਇਹ ਰਜਿਸਟ੍ਰੇਸ਼ਨ ਖਿਨੈਕਾਰ ਦੀ ਸਵੈ-ਘੋਸ਼ਣਾ ਦੇ ਅਧਾਰ ਤੇ ਕੀਤੀ ਜਾਵੇਗੀ ਅਤੇ ਇਸ ਦੇ ਲਈ ਕਿਸੇ ਦਸਤਾਵੇਜ਼ ਦੀ ਜ਼ਰੂਰਤ ਨਹੀਂ ਹੈ।

ਕਿਰਤ ਕਮਿਸ਼ਨਰ ਪੰਜਾਬ

Scanned with OKEN Scanner